ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ. 343 ਮਿਤੀ 04/05/17

ਅਧਿਸੂਚਨਾਂ

ਨੰ:20/24/2016-2ਸਪ2/ ਮਿਤੀ,ਚੰਡੀਗੜ੍ਹ:

ਸ੍ਰੀ ਬਲਵਿੰਦਰ ਸਿੰਘ ਸੱਗੂ, ਉਪ ਮੰਡਲ ਅਫਸਰ ਨੂੰ ਉਸ ਦੀ ਜਨਮ ਮਿਤੀ 2/9/1950 ਦੀ ਥਾਂ ਤੇ 2/9/1956 ਦਰਸਾ ਕੇ 8 ਸਾਲ ਨਜਾਇਜ ਤੌਰ ਤੇ ਸਰਕਾਰੀ ਸੇਵਾ ਦੀ ਵਾਧੂ ਤਨਖਾਹ ਅਤੇ ਭੱਤੇ ਪ੍ਰਾਪਤ ਕਰਨ ਅਤੇ ਨਜਾਇਜ ਪਦਉਨਤੀ ਪ੍ਰਾਪਤ ਕਰਨ ਅਤੇ ਸਰਕਾਰ ਦੇ ਖਜਾਨੇ ਨੂੰ ਲੱਖਾਂ ਰੁਪਏ ਦਾ ਭਾਰੀ ਵਿੱਤੀ ਨੁਕਸਾਨ ਪਹੁੰਚਾਉਣ ਕਾਰਨ ਸਰਕਾਰ ਦੇ ਪੱਤਰ ਨੰ:5/31/2016-2ਸਪ2/843977/1-4, ਮਿਤੀ 20/9/2016 ਨੂੰ ਸੇਵਾ ਤੋਂ ਮੁਅਤਲ ਕੀਤਾ ਗਿਆ ਸੀ ।

2. ਹੁਣ ਇਸ ਅਧਿਕਾਰੀ ਵਿਰੁੱਧ ਮੁਕੱਦਮਾਂ ਨੰ: 18, ਮਿਤੀ 10/3/2017 ਅਧੀਨ ਧਾਰਾ 420, 465, 468, 471, 120 BIPC ਥਾਣਾ ਫੇਸ-8, ਮੁਹਾਲੀ ਦਰਜ ਹੋਣ ਕਾਰਨ ਮਿਤੀ 20/9/2016 ਦੇ ਜਾਰੀ ਕੀਤੇ ਗਏ ਮੁਅੱਤਲੀ ਦੇ ਹੁਕਮਾਂ ਨੂੰ ਰੱਦ ਕਰਦੇ ਹੋਏ ਸ੍ਰੀ ਬਲਵਿੰਦਰ ਸਿੰਘ ਸੱਗੂ, ਉਪ ਮੰਡਲ ਅਫਸਰ ਨੂੰ ਮਿਤੀ 30/09/2008 ਤੋਂ ਰਿਟਾਇਰ ਕੀਤਾ ਜਾਂਦਾ ਹੈ।

3. ਇਸ ਅਧਿਕਾਰੀ ਨੂੰ ਸਰਕਾਰ ਦੇ ਪੱਤਰ ਨੰ; 20/24/2016-2ਸਪ2/912613/1-7, ਮਿਤੀ 19/01/2017 ਰਾਹੀਂ ਜਾਰੀ ਕੀਤੀ ਗਈ ਚਾਰਜਸ਼ੀਟ ਨੂੰ ਵਾਪਸ ਲਿਆ ਜਾਂਦਾ ਹੈ।

ਕੇ.ਬੀ.ਐਸ.ਸਿੱਧੂ,
ਵਿਸ਼ੇਸ਼ ਮੁੱਖ ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ।

ਮਿਤੀ,ਚੰਡੀਗੜ੍ਹ:
02/05/2017

ਪਿੱਠ ਅੰਕਣ ਨੰ: 20/24/2016-2ਸਿੰ.ਪ੍ਰੋ.2/ ਮਿਤੀ,ਚੰਡੀਗੜ੍ਹ:

ਇਸ ਅਧਿਸੂਚਨਾਂ ਦੀਆਂ 2 ਤਸਦੀਕਸ਼ੁਦਾ ਕਾਪੀਆਂ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਅਗਲੇ ਪ੍ਰਕਾਸਿਤ ਹੋਣ ਵਾਲੇ ਗਜਟ ਵਿੱਚ ਅਧਿਸੂਚਨਾਂ ਪ੍ਰਕਾਸਿਤ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਇਸ ਦੀਆਂ 25 ਕਾਪੀਆਂ ਸਰਕਾਰ ਨੂੰ ਭੇਜੀਆਂ ਜਾਣ।

ਸੁਪਰਡੰਟ

ਪਿੱਠ ਅੰਕਣ ਨੰ: 20/24/2016-2ਸਿੰ.ਪ੍ਰੋ.2/ 9689264 ਮਿਤੀ,ਚੰਡੀਗੜ੍ਹ: 4/5/17

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਤੁਰੰਤ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ: 1791/5ਈਈ.2/2017, ਮਿਤੀ 27/4/2017 ਦੇ ਹਵਾਲੇ ਵਿਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸ੍ਰੀ ਬਲਵਿੰਦਰ ਸਿੰਘ ਸੱਗੂ, ਉਪ ਮੰਡਲ ਅਫਸਰ ਦੇ ਰਿਟਾਇਰਮੈਂਟ ਦੇ ਲਾਭਾਂ ਨੂੰ ਜਾਰੀ ਕਰਨ ਤੋਂ ਪਹਿਲਾ ਇਸ ਅਧਿਕਾਰੀ ਵਲੋ ਮਿਤੀ 30/9/2008 ਤੋਂ ਮਿਤੀ 20/9/2016 ਤਕ ਕੀਤੀ ਗਈ ਸੇਵਾ ਦੇ ਬਦਲੇ ਪ੍ਰਾਪਤ ਕੀਤੀ ਗਈ ਤਨਖਾਹ ਦੀ ਰਿਕਵਰੀ ਕਰ ਲਈ ਜਾਵੇ। ਇਸ ਅਧਿਕਾਰੀ ਵਿਰੁੱਧ ਦਰਜ ਐਫ.ਆਈ.ਆਰ. ਦੀ ਤਾਜਾ ਸਥਿਤੀ ਤੋਂ ਸਰਕਾਰ ਨੂੰ ਜਾਣੂ ਕਰਵਾਇਆ ਜਾਵੇ ਅਤੇ ਇਸ ਅਧਿਕਾਰੀ ਵਲੋਂ ਆਪਣੀ ਸਰਵਿਸ ਬੁਕ ਵਿਚ ਟੈਪਰਿੰਗ ਕਰਨ ਵਿਚ ਅਧਿਕਾਰੀਆਂ/ਕਰਮਚਾਰੀਆਂ ਦੀ ਮਿਲੀਭੁਗਤ ਬਾਰੇ ਸਪਸ਼ਟੀਕਰਨ ਤੁਰੰਤ ਸਰਕਾਰ ਨੂੰ ਭੇਜਿਆ ਜਾਵੇ। ਇਸਤੋਂ ਇਲਾਵਾ ਇਸ ਅਧਿਕਾਰੀ ਦੀ ਅਸਲ ਜਨਮ ਮਿਤੀ ਬਾਰੇ (ਆਧਾਰ ਕਾਰਡ, ਪੈਨ

Contd-2

ਕਾਰਡ, ਡਰਾਇਵਿੰਗ ਲਾਈਸੈਂਸ, ਵੋਟਰ ਕਾਰਡ, ਪਾਸਪੋਰਟ ਜਾਂ ਹੋਰ ਕੋਈ ਦਸਤਾਵੇਜ, ਜਿਸਤੇ ਜਨਮ ਮਿਤੀ ਦਰਜ ਹੋਵੇ ਆਦਿ) ਸਬੰਧਤ ਵਿਭਾਗਾਂ ਨੂੰ ਵੀ ਜਾਣੂ ਕਰਵਾਇਆ ਜਾਵੇ।

2) ਮਹਾਂਲੇਖਾਕਾਰ, ਪੰਜਾਬ,ਚੰਡੀਗੜ੍ਹ।

3) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।

4) ਸ੍ਰੀ ਬਲਵਿੰਦਰ ਸਿੰਘ ਸੱਗੂ, ਉਪ ਮੰਡਲ ਅਫਸਰ ਮਾਰਫਤ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।

ਸੁਪਰਡੰਟ

ਅੰਦਰੂਨੀ ਵੰਡ:

1) ਨਿੰ:ਸ:/ਮਾਨਯੋਗ ਵਿਸ਼ੇਸ਼ ਮੁੱਖ ਸਕੱਤਰ ਸਿੰਚਾਈ ਜੀ

2) ਵਾਧੂ ਕਾਪੀ

ਦਫਤਰ ਮੁੱਖ ਇੰਜੀਨੀਅਰ, ਸਿੰਚਾਈ ਵਿਭਾਗ, ਪੰਜਾਬ
3316
04 MAY 2017
ਚੰਡੀਗੜ੍ਹ